# ਪੋੜੀ 30-31

## ਕੇਂਦਰੀ ਭਾਵ: ਇੱਕੋ-ਇੱਕ ਸਦੀਵੀ ਨੂੰ ਪ੍ਰਣਾਮ

ਇਹ ਆਮ ਧਾਰਨਾ ਪ੍ਰਚਲਿਤ ਹੈ ਕਿ ਤਿੰਨ ਸ਼ਕਤੀਆਂ ਇਸ ਦੁਨੀਆ ਦਾ ਸੰਚਾਲਣ ਕਰ ਰਹੀਆਂ ਹਨ।

ਪੈਦਾ ਕਰਨ ਵਾਲਾ (ਬ੍ਰਹਮਾ)
ਪਾਲਣਾ ਕਰਨ ਵਾਲਾ (ਵਿਸ਼ਨੂੰ)
ਅੰਤ ਕਰਨ ਵਾਲਾ (ਸ਼ਿਵ)

ਗੁਰੂ ਨਾਨਕ ਇਸ ਧਾਰਨਾ ਨਾਲ ਅਸਹਿਮਤੀ ਜਤਾਉਂਦੇ ਹਨ ਅਤੇ ਫਰਮਾਉਂਦੇ ਹਨ ਕਿ ਸਿਰਫ ਇੱਕੋ ਹੀ ਸ਼ਕਤੀ ਇਹ ਸਾਰਾ ਸੰਚਾਲਣ ਕਰ ਰਹੀ ਹੈ। ਜਿਵੇਂ ਉਸਨੂੰ ਭਾਉਂਦਾ ਹੈ, ਤਿਵੇਂ ਹੀ ਉਹ ਸਿਰਜਨਾ ਕਰਦਾ ਹੈ। ਅਸੀਂ ਕਰਨਹਾਰ ਨਹੀਂ ਹਾਂ। ਉਹ ਸੰਚਾਲਕ ਹੈ, ਅਸੀਂ ਸਿਰਫ ਮਾਧਿਅਮ ਹਾਂ। ਜੀਵ ਉਹ ਕੁਝ ਹੀ ਕਰਦੇ ਹਨ ਜਿਵੇਂ ਉਸਦਾ ਹੁਕਮ ਅਤੇ ਆਦੇਸ਼ ਹੁੰਦਾ ਹੈ। ਉਹ ਸਭ ਨੂੰ ਵੇਖਦਾ ਹੈ, ਪਰ ਅਸੀਂ ਉਸਨੂੰ ਵੇਖ ਨਹੀਂ ਸਕਦੇ। ਇਹ ਇੱਕ ਵੱਡਾ ਵਿਸਮਾਦ ਹੈ। ਤੁਸੀਂ ਆਪਣੀ ਅੱਖ ਨਾਲ ਸਾਰੇ ਸੰਸਾਰ ਨੂੰ ਵੇਖਦੇ ਹੋ। ਤੁਹਾਡੇ ਅੰਦਰ ਲੁਕਿਆ ਹੋਇਆ ਪ੍ਰਮਾਤਮਾ ਤੁਹਾਡੀ ਅੱਖ ਨੂੰ ਵੀ ਵੇਖਦਾ ਹੈ, ਪਰ ਤੁਹਾਡੀ ਅੱਖ ਉਸਨੂੰ ਨਹੀਂ ਵੇਖ ਸਕਦੀ। ਤੁਸੀਂ ਆਪਣੇ ਹੱਥ ਨਾਲ ਸਾਰੇ ਜਗਤ ਨੂੰ ਛੂਹ ਸਕਦੇ ਹੋ। ਤੁਹਾਡੇ ਅੰਦਰ ਬੈਠਾ ਹੋਇਆ ਪ੍ਰਮਾਤਮਾ ਤੁਹਾਡੀ ਹੱਥ ਨੂੰ ਵੀ ਵੇਖਦਾ ਹੈ, ਪਰ ਤੁਹਾਡਾ ਹੱਥ ਉਸਨੂੰ ਨਹੀਂ ਛੂਹ ਸਕਦਾ।

ਜੇਕਰ ਪ੍ਰਣਾਮ ਕਰਨਾ ਹੋਵੇ ਤਾਂ ਉਸੇ ਨੂੰ ਹੀ ਪ੍ਰਣਾਮ ਕਰੋ। ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ ਕੀ ਬ੍ਰਹਮਾ, ਵਿਸ਼ਨੂੰ, ਮਹੇਸ਼ ਨੂੰ ਪ੍ਰਣਾਮ ਕਰ ਰਹੇ ਹੋ? ਇਹ ਤਾਂ ਉਸਨੂੰ ਵੇਖ ਵੀ ਨਹੀਂ ਸਕਦੇ। ਉਹ ਹੀ ਇਨ੍ਹਾਂ ਨੂੰ ਵੇਖ ਰਿਹਾ ਹੈ। ਜੇਕਰ ਪ੍ਰਣਾਮ ਹੀ ਕਰਨਾ ਹੋਵੇ ਤਾਂ ਉਸਨੂੰ ਹੀ ਪ੍ਰਣਾਮ ਕਰੋ, ਉਹ ਆਦਿ ਹੈ, ਸ਼ੁੱਧ ਹੈ, ਅਨਾਦਿ ਹੈ, ਅਨਾਹਤ ਹੈ ਅਤੇ ਜੁਗ ਜੁਗ ਤੋਂ ਇੱਕ ਹੀ ਭੇਸ ਵਾਲਾ ਹੈ।

ਜਿਹੜਾ ਸਦਾ ਇੱਕ ਹੈ ਉਸੇ ਨੂੰ ਹੀ ਪ੍ਰਣਾਮ ਕਰੋ। ਉਸ ਨੂੰ ਹੀ ਲੱਭੋ, ਜਿਹੜਾ ਆਦਿ ਵੀ ਹੈ, ਅਨਾਦਿ ਵੀ ਹੈ। ਜਿਹੜਾ ਪ੍ਰਾਰੰਭ ਵੀ ਸਾਰਿਆ ਦਾ ਹੈ, ਅਤੇ ਜਿਸਦਾ ਕੋਈ ਪ੍ਰਾਰੰਭ ਨਹੀਂ। ਜਿਹੜਾ ਸਭ ਤੋਂ ਪਹਿਲਾਂ ਹੈ, ਅਤੇ ਜਿਸ ਤੋਂ ਪਹਿਲਾਂ ਕੋਈ ਹੋਰ ਨਹੀਂ। ਜਿਹੜਾ ਸਾਰਿਆਂ ਦੇ ਅੰਤ ਵਿੱਚ ਹੋਇਗਾ, ਹੋਰ ਜਿਸਦੇ ਅੰਤ ਵਿੱਚ ਕੋਈ ਨਹੀਂ। ਉਸ ਇੱਕ ਨੂੰ ਹੀ ਪ੍ਰਣਾਮ ਕਰੋ। ਉਸ ਇੱਕ ਤੋਂ ਘੱਟ ਨੂੰ ਪ੍ਰਣਾਮ ਕੀਤਾ ਤਾਂ ਤੁਸੀਂ ਭਟਕੋਗੇ।

---

ਲੋਕ, ਅਲੋਕ ਉਸਦਾ ਆਸਣ ਹੈ, ਭੰਡਾਰ ਹੈ। ਉਸ ਨੇ ਇੱਕੋ ਵਾਰ ਹੀ ਸਦਾ ਲਈ ਪਾਉਣ ਲਾਇਕ ਸਭ ਕੁਝ ਉਸ ਵਿੱਚ ਰੱਖ ਦਿੱਤਾ ਹੈ। ਉਹ ਸਿਰਜਨਹਾਰ ਸਿਰਜਨਾ ਕਰਕੇ ਉਸ ਨੂੰ ਵੇਖਦਾ ਰਹਿੰਦਾ ਹੈ। ਗੁਰੂ ਨਾਨਕ ਕਹਿੰਦੇ ਹਨ, ਸੱਚੇ ਦਾ ਕੰਮ ਸੱਚਾ ਹੈ।

ਉਸ ਪ੍ਰਮਾਤਮਾ ਦਾ ਜੋ ਕੁਝ ਵੀ ਹੈ, ਉਹ ਹਕੀਕਤ ਹੈ। ਤੁਹਾਡਾ ਜੋ ਕੁਝ ਵੀ ਹੈ ਉਹ ਝੂਠ ਹੈ। ਕਿਉਂਕਿ ਤੁਹਾਡਾ ਹੋਣਾ ਹੀ ਝੂਠ ਹੈ। ਗੈਰਹਕੀਕੀ ਤੋਂ ਹਕੀਕਤ ਦਾ ਜਨਮ ਨਹੀਂ ਹੋ ਸਕਦਾ। ਤੁਸੀਂ ਜੋ ਵੀ ਬਣਾਉਗੇ ਉਹ ਤਾਸ਼ ਦੇ ਪੱਤਿਆਂ ਦੇ ਘਰ ਹੋਣਗੇ। ਹਵਾ ਦਾ ਜ਼ਰਾ ਕੁ ਜਿਨਾ ਬੁੱਲਾ ਵੀ ਉਨ੍ਹਾਂ ਨੂੰ ਡੇਗ ਦੇਵੇਗਾ। ਤੁਸੀਂ ਜੋ ਵੀ ਬਣਾਓਗੇ ਉਹ ਕਾਗਜ਼ ਦੀ ਬੇੜੀ ਹੋਏਗੀ। ਛੱਡਦੇ ਸਾਰ ਹੀ ਡੁੱਬਣ ਲਗੇਗੀ। ਉਸ ਵਿੱਚ ਯਾਤਰਾ ਨਹੀਂ ਹੋ ਸਕਦੀ। ਹੰਕਾਰ ਨਾਲ ਉਸਾਰਿਆ ਹੋਇਆ ਸਭ ਕੁਝ ਬੇਬੁਨਿਆਦ ਹੋਏਗਾ। ਕਿਉਂਕਿ ਹੰਕਾਰ ਅਸਤਯ ਹੈ।

ਜਿਸ ਦਿਨ ਤੁਹਾਨੂੰ ਇਹ ਸਮਝ ਵਿੱਚ ਆ ਜਾਏਗਾ, ਉਸ ਦਿਨ ਤੁਸੀਂ ਅਸਤਯ ਨੂੰ ਪੈਦਾ ਕਰਨ ਵਿੱਚ ਮਿਹਨਤ ਨਹੀਂ ਕਰੋਗੇ। ਬਲਕਿ ਤੁਸੀਂ ਸੱਚ ਨੂੰ ਜਾਨਣ ਦਾ ਯਤਨ ਕਰੋਗੇ। ਸੰਸਾਰੀ ਦਾ ਅਰਥ ਹੈ, ਜਿਹੜਾ ਅਸਤਯ ਨੂੰ ਪੈਦਾ ਕਰਨ 'ਚ ਲਗਿਆ

ਹੈ। ਸੰਸਾਰ ਦੀ ਅਸਤਯ ਦਾ ਤੁਹਾਨੂੰ ਖਿਆਲ ਹੀ ਨਹੀਂ ਆਉਂਦਾ, ਕਿਉਂਕਿ ਤੁਸੀਂ ਉਸ ਵਿੱਚ ਲੀਨ ਹੋ। ਤੁਸੀਂ ਜ਼ਰਾ ਕੁ ਦੂਰ ਖਲੋ ਕੇ ਵੇਖੋ, ਕਿ ਝੂਠਾਪਨ ਕਿਨਾਂ ਖਤਰਨਾਕ ਹੈ।

ਇੱਕ ਆਦਮੀ ਨੋਟ ਇਕੱਠੇ ਕਰਦਾ ਜਾ ਰਿਹਾ ਹੈ। ਉਹ ਕਦੇ ਨਹੀਂ ਸੋਚਦਾ ਕਿ ਨੋਟ ਇੱਕ ਮਾਨਯਤਾ ਹੈ। ਕੱਲ ਸਰਕਾਰ ਬਦਲ ਜਾਏ, ਕਾਨੂੰਨ ਬਦਲ ਜਾਏ, ਸਰਕਾਰ ਤੈਅ ਕਰ ਲਵੇ ਇਹ ਨੋਟ ਰੱਦ ਹੋਏ, ਕੰਮ ਦੇ ਨਾ ਰਹੇ, ਤਾਂ ਕਾਗਜ਼ ਹੋ ਗਏ। ਇੱਕ ਮਾਨਯਤਾ ਨੂੰ ਇਹ ਆਦਮੀ ਇਕੱਠਾ ਕਰ ਰਿਹਾ ਹੈ ਅਤੇ ਮਾਨਯਤਾ ਅਜਿਹੀ ਕਿ ਜਿਸਦਾ ਕੋਈ ਭਰੋਸਾ ਨਹੀਂ।

ਇੱਕ ਆਦਮੀ ਨੋਟ ਉਤੇ ਜਿੰਦਗੀ ਲਗਾ ਰਿਹਾ ਹੈ। ਬੱਸ, ਉਸ ਦਾ ਕੰਮ ਹੀ ਏਨਾ ਹੈ ਕਿ ਕਿੰਨੇ ਨੋਟ ਵਧਦੇ ਜਾਂਦੇ ਹਨ, ਉਨ੍ਹਾਂ ਦੀ ਉਹ ਗਿਣਤੀ ਕਰ ਰਿਹਾ ਹੈ। ਤਿਜੋਰੀ ਵਿੱਚ ਨੋਟ ਭਰਦਾ ਜਾਂਦਾ ਹੈ, ਉਸਨੂੰ ਪਤਾ ਨਹੀਂ ਕਿ ਹਰ ਨੋਟ ਦੇ ਬਦਲੇ ਵਿੱਚ ਜਿੰਦਗੀ ਵੇਚ ਰਿਹਾ ਹੈ। ਕਿਉਂਕਿ ਇੱਕ-ਇੱਕ ਪਲ ਕੀਮਤੀ ਹੈ। ਜਿਸ ਊਰਜਾ ਰਾਹੀਂ ਪ੍ਰਮਾਤਮਾ ਦੇ ਨਾਲ ਮਿਲਣ ਹੁੰਦਾ ਹੈ, ਉਸ ਊਰਜਾ ਨੂੰ ਉਹ ਨੋਟਾਂ ਵਿੱਚ ਲਾ ਰਿਹਾ ਹੈ।

ਮਾਨਯਤਾ (ਮੰਨਣ) ਦੀ ਸਾਰੀ ਖੇਡ ਹੈ ਅਤੇ ਉਸ ਮਾਨਯਤਾ ਲਈ ਤੁਸੀਂ ਜੀਵਨ ਗੁਆ ਦਿੰਦੇ ਹੋ। ਲੋਕ ਪ੍ਰਤਿਸ਼ਠਾ ਦੇਣ, ਉਸ ਦੇ ਲਈ ਤੁਸੀਂ ਜੀਵਨ ਗੁਆ ਦਿੰਦੇ ਹੋ। ਲੋਕਾਂ ਦੇ ਆਦਰ ਸਤਿਕਾਰ ਦੇਣ ਦਾ ਕੀ ਅਰਥ ਹੈ? ਕੌਣ ਹਨ ਇਹ ਲੋਕ ਜਿਨ੍ਹਾਂ ਦੀ ਮਾਣ ਮਰਯਾਦਾ ਲਈ ਤੁਸੀਂ ਦੀਵਾਨੇ ਹੋ। ਇਨ੍ਹਾਂ ਦੀ ਕੀਮਤ ਕੀ ਹੈ। ਨਾ ਸਮਝਾਂ ਤੋਂ ਜੇ ਆਦਰ ਸਤਿਕਾਰ ਮਿਲ ਜਾਏ, ਤਾਂ ਇਸ ਤੋਂ ਤੁਹਾਨੂੰ ਕੀ ਮਿਲੇਗਾ? ਅਤੇ ਨਾ ਸਮਝਾਂ ਦੀ ਭੀੜ ਦੀ ਕੋਈ ਗਿਣਤੀ ਨਹੀਂ ਕੀਤੀ ਜਾ ਸਕਦੀ।

ਹੰਕਾਰ ਤੋਂ ਜੋ ਵੀ ਪੈਦਾ ਹੋਏਗਾ ਉਹ ਝੂਠ ਹੀ ਹੋਏਗਾ। ਇਹ ਸਭ ਹੰਕਾਰ ਦੀ ਹੀ ਖੋਜ ਹੈ। ਨੇਤਾ ਤੁਹਾਡੇ ਦਰਵਾਜ਼ੇ ਤੇ ਆਉਂਦਾ ਹੈ। ਸਿਰ ਝੁਕਾ ਕੇ ਪ੍ਰਣਾਮ ਕਰਦਾ ਹੈ, ਕਿ ਵੋਟ ਦੇਣਾ। ਤੁਸੀਂ ਉਸਨੂੰ ਵੋਟ ਦਿੰਦੇ ਹੋ, ਉਹ ਅਹੁਦੇ ਤੇ ਪਹੁੰਚ ਜਾਂਦਾ ਹੈ। ਇਹ ਤੁਸੀਂ ਹੰਕਾਰ ਦੇ ਪਰਸਪਰ ਲੈਣ ਦੇਣ ਦੀ ਤ੍ਰਿਪਤੀ ਕਰ ਰਹੇ ਹੋ।

ਗੁਰੁ ਨਾਨਕ ਕਹਿੰਦੇ ਹਨ, ਉਹ ਮਾਲਕ ਸੱਚਾ, ਸੱਚੇ ਦਾ ਕੰਮ ਸੱਚਾ। ਤੁਸੀਂ ਪਹਿਲਾਂ ਸੱਚ ਨੂੰ ਲੱਭੋ। ਉਸ ਤੋ ਪਹਿਲਾਂ ਕੁਝ ਵੀ ਨਾ ਕਰੋ। ਕਿਉਂਕਿ ਉਸ ਤੋ ਪਹਿਲਾਂ ਤੁਸੀਂ ਜੋ ਵੀ ਕਰੋਗੇ ਉਹ ਅਸਤਯ ਹੋ ਜਾਏਗਾ। ਇੱਕ ਹੀ ਗੱਲ ਕਰਨ ਯੋਗ ਹੈ ਕਿ ਸਤਯ ਨੂੰ ਪਛਾਣੋ। ਫ਼ਿਰ ਤੁਸੀਂ ਕੁਝ ਕਰਨਾ। ਕਿਉਂਕਿ ਫ਼ਿਰ ਸਤਯ ਤੁਹਾਡੇ ਅੰਦਰੋਂ ਕੁਝ ਕਰੇਗਾ।

ਜੇਕਰ ਪ੍ਰਣਾਮ ਹੀ ਕਰਨਾ ਹੋਵੇ ਤਾਂ ਉਸਨੂੰ ਹੀ ਪ੍ਰਣਾਮ ਕਰੋ, ਉਹ ਆਦਿ ਹੈ, ਸ਼ੁੱਧ ਹੈ, ਅਨਾਦਿ ਹੈ, ਅਨਾਹਤ ਹੈ ਅਤੇ ਜੁਗ ਜੁਗ ਤੋਂ ਇੱਕ ਹੀ ਭੇਸ ਵਾਲਾ ਹੈ।

ਇਹ ਇੱਕ ਹੀ ਭੇਸ ਵਾਲਾ ਹੈ, ਇਸਨੂੰ ਚੇਤੇ ਰੱਖਣਾ। ਜਿਹੜੀ ਵੀ ਚੀਜ ਬਦਲਦੀ ਹੋਵੇ, ਉਹ ਮਾਯਾ ਹੈ। ਉਹ ਸੰਸਾਰ ਹੈ, ਅਸਤਯ ਹੈ, ਸੁਫ਼ਨਾ ਹੈ। ਅਤੇ ਜਿਹੜੀ ਸਦਾ ਸ਼ਾਸ਼ਵਤ ਰਹਿੰਦੀ ਹੋਵੇ, ਕਦੇ ਨਾ ਬਦਲੇ, ਉਹ ਹੀ ਪ੍ਰਮਾਤਮਾ ਹੈ। ਤਾਂ ਤੁਸੀਂ ਜੇਕਰ ਇਸ ਗੁਰ ਨੂੰ ਠੀਕ ਤਰ੍ਹਾਂ ਫੜ ਲਉ, ਤਾਂ ਤੁਸੀਂ ਅੰਦਰੋਂ ਅੱਜ ਨਹੀਂ ਕੱਲ, ਉਸਨੂੰ ਲੱਭ ਲਵੋਗੇ, ਜਿਹੜਾ ਕਦੇ ਨਹੀਂ ਬਦਲਦਾ। ਤੁਸੀਂ ਸ਼ਾਇਦ ਨਿਰੀਖਣ ਕੀਤਾ ਹੈ ਜਾਂ ਨਹੀ, ਪਰ ਤੁਹਾਡੇ ਅੰਦਰ ਇੱਕ ਅਜੇਹਾ ਤੱਤ ਹੈ, ਜਿਹੜਾ ਕਦੇ ਨਹੀਂ ਬਦਲਦਾ।ਕਦੇ ਗੁੱਸਾ ਆਉਂਦਾ ਹੈ, ਪਰ ਚੌਵੀ ਘੰਟੇ ਨਹੀਂ ਰਹਿੰਦਾ। ਇਸ ਲਈ ਗੁੱਸਾ ਮਾਇਆ ਹੈ। ਕਦੇ ਪ੍ਰੇਮ ਆਉਂਦਾ ਹੈ, ਪਰ ਪ੍ਰੇਮ ਵੀ ਚੌਵੀ ਘੰਟੇ ਨਹੀਂ ਰਹਿੰਦਾ। ਪ੍ਰੇਮ ਮਾਇਆ ਹੈ। ਕਦੇ ਤੁਸੀਂ ਖੁਸ਼ ਹੁੰਦੇ ਹੋ, ਪਰ ਖੁਸ਼ੀ ਟਿਕਦੀ ਨਹੀਂ, ਮਾਇਆ ਹੈ। ਕਦੇ ਤੁਸੀਂ ਉਦਾਸ ਹੁੰਦੇ ਹੋ, ਸਦਾ ਨਹੀਂ, ਇਸ ਲਈ ਮਾਇਆ ਹੈ।

ਫ਼ਿਰ ਕੀ ਹੈ ਤੁਹਾਡੇ ਅੰਦਰ ਜਿਹੜਾ ਚੌਵੀ ਘੰਟੇ ਟਿਕਦਾ ਹੈ? ਕੌਣ ਵੇਖਦਾ ਹੈ ਗੁੱਸੇ ਨੂੰ? ਕੌਣ ਵੇਖਦਾ ਹੈ ਲੋਭ ਨੂੰ? ਕੌਣ ਵੇਖਦਾ ਹੈ ਪ੍ਰੇਮ ਨੂੰ, ਨਫ਼ਰਤ ਨੂੰ? ਕੌਣ ਪਛਾਣਦਾ ਹੈ ਕਿ ਮੈਂ ਉਦਾਸ ਹਾਂ? ਕੌਣ ਕਹਿੰਦਾ ਹੈ ਕਿ ਮੈਂ ਖੁਸ਼ ਹਾਂ? ਕੌਣ ਕਹਿੰਦਾ ਹੈ ਕਿ ਮੈਂ ਬੀਮਾਰ ਹਾਂ, ਤੰਦਰੁਸਤ ਹਾਂ? ਕੌਣ ਕਹਿੰਦਾ ਹੈ ਕਿ ਰਾਤ ਨੀਂਦ ਚੰਗੀ ਆਈ? ਕੌਣ ਕਹਿੰਦਾ ਹੈ ਕਿ ਰਾਤ ਸੁਫ਼ਨੇ ਬਹੁਤ ਆਏ? ਕਿ ਨੀਂਦ ਆ ਹੀ ਨਹੀਂ ਸਕੀ?

ਚੌਵੀ ਘੰਟੇ ਤੁਹਾਡੇ ਅੰਦਰ ਇੱਕ ਜਾਨਣ ਵਾਲਾ ਹੈ, ਜਾਗ ਰਿਹਾ ਹੈ। ਬਾਕੀ ਸਭ ਆਉਂਦਾ ਹੈ, ਜਾਂਦਾ ਹੈ। ਤੁਸੀਂ ਉਸਨੂੰ ਫੜੋ। ਕਿਉਂਕਿ ਉਸੇ ਵਿੱਚ ਥੋੜ੍ਹੀ ਪ੍ਰਮਾਤਮਾ ਦੀ ਝਲਕ ਹੈ।

ਜੇਕਰ ਪ੍ਰਣਾਮ ਹੀ ਕਰਨਾ ਹੋਵੇ ਤਾਂ ਉਸਨੂੰ ਹੀ ਪ੍ਰਣਾਮ ਕਰੋ, ਉਹ ਆਦਿ ਹੈ, ਸ਼ੁੱਧ ਹੈ, ਅਨਾਦਿ ਹੈ, ਅਨਾਹਤ ਹੈ ਅਤੇ ਜੁਗ ਜੁਗ ਤੋਂ ਇੱਕ ਹੀ ਭੇਸ ਵਾਲਾ ਹੈ।

# LESSON 30-31

## Central Idea: Obeisance to Eternal One

The general perception is that three forces are running the show.

1. God of Creation (Brahma)
2. God of Sustenance (Vishnu)
3. God of Death (Shiva)

Guru Nanak disagrees with them and said the entire show is being run by only ONE force. As it pleases Him, He makes all the creation. We are not the doer. He is the director, we are only the means, a medium. The creatures do things as He directs them by His will and order. He beholds all of them (creation & creatures), but the creatures cannot see Him. This is the greatest wonder. You see the whole world with your eyes. The God within you can also see your eyes, but your eyes cannot see Him. You can touch the whole world with your hands; the God within you can also see your hands, but your hands cannot touch Him.

If you must bow, bow to Him! Guru Nanak says: Why bow to Brahma, Vishnu, Shiva? They cannot even see Him. He alone can see them, so bow to Him if you must bow. He is the primal being, pure, without beginning or end. He is the unstruck sound and immutable through all time.

Bow to Him, the everlasting one. Seek only Him who is the primal One; who is the beginning of everything, but who is Himself without a beginning; who is the very first, and before whom there is nobody and nothing; and who will be in the end and after whom there is no one! Bow to such a One only. If you bow to a lesser form you will wander.

---

All the worlds are His abode and storehouse. He has filled them for all time with all worth attaining. The creator creates, and overseas it all. Guru Nanak says, He is the true reality and all His works are true.

All that is relevant to the Lord – whatever it be – is truth. Whatever is relevant to you is false, for your very being is false. Truth cannot grow from untruth. Whatever you create will be merely a house of cards – a slight wind, and it will fall. Whatever you make cannot be more than a paper boat that will sink as soon as it sets sail. You cannot travel in it. Whatever is created by the ego is false, for the ego itself is false.

The day this truth dawns on you, you will stop wasting your energy in creating untruths; instead you will begin to utilize it to know truth. Worldly person is that who involves in creating untruths. You do not realize the falsity of the world for you are wrapped up in it. Stand a little away and observe your world – how frightening its falsity is!

A man hoards currency notes. He does not realize that these notes are mere bits of paper, only a means of transaction. If the government changes and the new government decides to

cancel this currency, they become just paper! So this man is actually gambling on an assumption that cannot be relied on.

On the other hand, there is this man amassing currency notes. He has no other interest but to hoard money. He fills his safe, but he does not know that for each banknote he is selling his own life, for each moment is precious. The energy he could have utilized in attaining God he wastes in gathering the banknotes.

It is all a game of values, and for these values you sacrifice your life. You are willing to sacrifice anything so that people may honor you.  What is the meaning of this honor? Who are those people whose recognition you crave?  What is the value of their respect? What do you gain by being honored by fools? And the crowds of the foolish in this world cannot be counted.

Whatever is born out of the ego is false.  All this is a quest of the ego.  The politician comes to your door, folds his hands, bows his head and asks for your vote.  You give him the vote; he gets you the position. This is mutual ego ratification.

Guru Nanak says, He is the true reality and all His works are true.  Seek truth first. Do nothing before that.  For whatever you do before that is bound to be false.  Only one thing is worth doing: recognize truth! Then you may do anything.  For once you know truth, it begins to act from within you.

If you must bow, bow to Him!  He is the primal being, pure, without beginning or end.  He is the unstruck sound and immutable through all time.

Remember this: He is the changeless, always the same form.  Whatever changes is illusion; it is falsity, it is a dream.  What is eternal, what never changes, is God.  If you grasp well the meaning of this formula, you will one day seek out the changeless One within you.  You may perhaps have observed, or perhaps not, that within you too there is a factor, an element that is changeless.  Anger comes but it is not with you all day long.  Anger is illusion.  Sometimes love comes but that too does not remain all the time.  Love also is illusion. Sometimes you are cheerful, sometimes sad; but all these are passing phases, therefore they are illusions.

Then what is with you all twenty-four hours? Who is it who sees the anger? Who is it who sees the greed? Who sees your love? Who watches your hate? Who knows you are sad? Who knows when you are cheerful? Who is it who tells you: I am ill, I am well? Who is it who knows that you did not sleep well last night, that dreams troubled you?

All day long there is one who knows you inside. He is forever awake, while all else comes and goes. Catch hold of this One, for in this alone can you get a glimpse of Him.

If you must bow, bow to Him!  He is the primal being, pure, without beginning or end.  He is the unstruck sound and immutable through all time.